

# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਜੁਰਮਾਂ ਦੇ ਪੀੜਿਤਾਂ ਲਈ ਜਾਣਕਾਰੀ

BRITISH COLUMBIA
Ministry of Justice

## ਵਿਸ਼ੇ-ਸੂਚੀ


ਮਦਦ ਮੌਜੂਦ ਹੈ 2

ਕਿਸੇ ਗੰਭੀਰ ਜੁਰਮ ਦੇ ਅਸਰਾਂ ਨਾਲ ਸਿੱਝਣਾ 2

ਤੁਹਾਡੇ ਹੱਕ 3

ਪੁਲੀਸ ਕੋਲ ਜੁਰਮ ਦੀ ਰਿਪੋਰਟ ਕਰਨਾ 3

ਕਰਾਊਨ ਕੌਂਸਲ ਅਤੇ ਅਦਾਲਤਾਂ 4

ਸਜ਼ਾ ਅਤੇ ਕੋਰੈਕਸ਼ਨਜ਼ 4

ਵਿਕਟਿਮ ਸੇਫਟੀ ਯੂਨਿਟ 5

ਵਿਕਟਿਮ ਇਮਪੈਕਟ ਸਟੇਟਮੈਂਟ 5

ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ 5

ਵਿਕਟਿਮਲਿੰਕ ਬੀ ਸੀ 6

## ਆਪਣੇ ਨੇੜੇ ਦਾ ਕੋਈ ਵਿਕਟਿਮ ਸਰਵਿਸ ਪ੍ਰੋਗਰਾਮ ਲੱਭਣ ਲਈ ਵਿਕਟਿਮਲਿੰਕ ਬੀ ਸੀ ਨੂੰ 1-800-563-0808 ’ਤੇ ਫੋਨ ਕਰੋ।

## ਮਦਦ ਮੌਜੂਦ ਹੈ

ਜੇ ਕੋਈ ਜੁਰਮ ਤੁਹਾਡੀ ਜ਼ਿੰਦਗੀ ਨੂੰ ਛੂੰਹਦਾ ਹੈ ਤਾਂ ਕੀ ਹੁੰਦਾ ਹੈ? ਤੁਸੀਂ ਕੀ ਕਰਦੇ ਹੋ, ਤੁਸੀਂ ਮਦਦ ਲਈ ਕਿੱਥੇ ਜਾਂਦੇ ਹੋ ਅਤੇ ਤੁਸੀਂ ਕੀ ਉਮੀਦ ਰੱਖ ਸਕਦੇ ਹੋ?

ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਸੂਬੇ ਭਰ ਵਿਚ 160 ਨਾਲੋਂ ਜ਼ਿਆਦਾ ਵਿਕਟਿਮ ਸਰਵਿਸ ਪ੍ਰੋਗਰਾਮਾਂ (ਪੀੜਿਤਾਂ ਨੂੰ ਸੇਵਾਵਾਂ ਦੇਣ ਵਾਲੇ ਪ੍ਰੋਗਰਾਮਾਂ) ਲਈ ਫੰਡ ਦਿੰਦੀ ਹੈ। ਇਨ੍ਹਾਂ ਪ੍ਰੋਗਰਾਮਾਂ ਵਿਚ ਵਿਕਟਿਮ ਸਰਵਿਸ ਵਰਕਰਾਂ ਦਾ ਸਟਾਫ ਹੁੰਦਾ ਹੈ ਜੋ ਕਿ ਪੀੜਿਤਾਂ ਦੀ ਅਤੇ ਉਨ੍ਹਾਂ ਹੋਰ ਲੋਕਾਂ ਦੀ ਮਦਦ ਕਰਨ ਲਈ ਟਰੇਂਡ ਹੁੰਦੇ ਹਨ ਜਿਨ੍ਹਾਂ ਦੀਆਂ ਜ਼ਿੰਦਗੀਆਂ ’ਤੇ ਜੁਰਮਾਂ ਨੇ ਅਸਰ ਪਾਇਆ ਹੁੰਦਾ ਹੈ।

ਜੁਰਮ ਦੇ ਅਸਰਾਂ ਨਾਲ ਸਿੱਝਣ ਦਾ ਇਕ ਮਹੱਤਵਪੂਰਨ ਕਦਮ ਇਸ ਬਾਰੇ ਕਿਸੇ ਨਾਲ ਗੱਲ ਕਰਨਾ ਹੈ। ਵਿਕਟਿਮ ਸਰਵਿਸ ਵਰਕਰ, ਜੁਰਮਾਂ ਦੇ ਸਾਰੇ ਪੀੜਿਤਾਂ ਦੀ ਮਦਦ ਅਤੇ ਹਿਮਾਇਤ ਕਰ ਸਕਦੇ ਹਨ।

ਜੇ ਤੁਸੀਂ ਕਿਸੇ ਜੁਰਮ ਤੋਂ ਪੀੜਿਤ ਹੋ ਤਾਂ ਵਿਕਟਿਮ ਸਰਵਿਸ ਵਰਕਰ ਇਹ ਪ੍ਰਦਾਨ ਕਰ ਸਕਦੇ ਹਨ:

- ਜਜ਼ਬਾਤੀ ਮਦਦ
- ਵਿਹਾਰਕ ਮਦਦ, ਜਿਵੇਂ ਕਿ ਪੁਲੀਸ ਨਾਲ ਗੱਲ ਕਰਨ ਲਈ ਤੁਹਾਡੇ ਨਾਲ ਜਾਣਾ
- ਕਰਿਮੀਨਲ ਜਸਟਿਸ ਸਿਸਟਮ, ਅਦਾਲਤ ਦੀ ਕਾਰਵਾਈ ਅਤੇ ਤੁਹਾਡੇ ਕੇਸ ਦੀ ਸਥਿਤੀ ਬਾਰੇ ਜਾਣਕਾਰੀ
- ਅਦਾਲਤ ਬਾਰੇ ਜਾਣਕਾਰੀ ਅਤੇ ਨਾਲ ਜਾਣਾ
- ਜੇ ਯੋਗ ਹੋਵੋ ਤਾਂ ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ ਲਈ ਅਰਜ਼ੀ ਭਰਨ ਵਿਚ ਮਦਦ
- ਹੋਰ ਏਜੰਸੀਆਂ ਅਤੇ ਸੇਵਾਵਾਂ ਕੋਲ ਭੇਜਣਾ
- ਵਿਕਟਿਮ ਇਮਪੈਕਟ ਸਟੇਟਮੈਂਟ ਤਿਆਰ ਕਰਨ ਵਿਚ ਮਦਦ

ਮਦਦ ਇੱਥੇ ਸ਼ੁਰੂ ਹੁੰਦੀ ਹੈ। ਆਪਣੇ ਨੇੜੇ ਦਾ ਕੋਈ ਵਿਕਟਿਮ ਸਰਵਿਸ ਪ੍ਰੋਗਰਾਮ ਲੱਭਣ ਲਈ ਵਿਕਟਿਮਲਿੰਕ ਬੀ ਸੀ ਨੂੰ 1-800-563-0808 ’ਤੇ ਫੋਨ ਕਰੋ।

## ਕਿਸੇ ਗੰਭੀਰ ਜੁਰਮ ਦੇ ਅਸਰਾਂ ਨਾਲ ਸਿੱਝਣਾ

ਜੇ ਤੁਸੀਂ ਕਿਸੇ ਗੰਭੀਰ ਜੁਰਮ ਦੇ ਸ਼ਿਕਾਰ ਹੋਏ ਹੋ ਤਾਂ ਤੁਹਾਨੂੰ ਸਰੀਰਕ ਅਤੇ/ਜਾਂ ਜਜ਼ਬਾਤੀ ਅਸਰਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਹੜੇ ਕਿ ਨਾ ਸਿਰਫ ਦੁਖਦਾਈ ਹੁੰਦੇ ਹਨ ਸਗੋਂ ਭੰਬਲਭੂਸੇ ਵਿਚ ਪਾਉਣ ਵਾਲੇ ਅਤੇ ਡਰਾਉਣੇ ਵੀ ਹੋ ਸਕਦੇ ਹਨ। ਤੁਸੀਂ ਘਟਨਾ ਕਾਰਨ ਅਤੇ ਕਰਿਮੀਨਲ ਜਸਟਿਸ ਸਿਸਟਮ ਦੇ ਗੁੰਝਲਦਾਰ ਹੋਣ ਕਾਰਨ ਪਰੇਸ਼ਾਨ ਮਹਿਸੂਸ ਕਰ ਸਕਦੇ ਹੋ।

ਜੁਰਮ ਹਰ ਇਕ ’ਤੇ ਵੱਖਰੀ ਤਰ੍ਹਾਂ ਅਸਰ ਪਾਉਂਦਾ ਹੈ। ਹਰ ਕੋਈ ਇੱਕੋ ਤਰੀਕੇ ਨਾਲ ਵਿਹਾਰ ਨਹੀਂ ਕਰੇਗਾ, ਇੱਥੋਂ ਤੱਕ ਕਿ ਇੱਕੋ ਜੁਰਮ ਪ੍ਰਤੀ ਵੀ। ਕੁਝ ਸਾਂਝੇ ਰੀਐਕਸ਼ਨ ਹਨ ਜਿਨ੍ਹਾਂ ਦਾ ਅਨੁਭਵ ਪੀੜਿਤਾਂ ਨੂੰ ਹੁੰਦਾ ਹੈ। ਕਿਸੇ ਜੁਰਮ ਦੇ ਪੀੜਿਤ ਵਜੋਂ ਤੁਸੀਂ ਮਹਿਸੂਸ ਕਰ ਸਕਦੇ ਹੋ:

- ਸਦਮਾ
- ਸੁੰਨ
- ਜ਼ਬਰਦਸਤੀ ਕੀਤੀ ਗਈ
- ਬੇਵਸ
- ਗੁੱਸਾ
- ਡਰੇ ਹੋਏ
- ਚਿੰਤਤ
- ਸ਼ਰਮ
- ਉਦਾਸ
- ਸੋਗ ਦੀ ਭਾਵਨਾ
- ਭੰਬਲਭੂਸਾ
- ਇਕੱਲੇ
- ਭਰੋਸੇ ਦਾ ਜਾਣਾ

ਦਿਨ, ਹਫਤੇ, ਅਤੇ ਮਹੀਨੇ ਲੰਘਣ ਨਾਲ ਤੁਹਾਨੂੰ ਆਪਣੇ ਰੀਐਕਸ਼ਨਾਂ ਵਿਚ ਤਬਦੀਲੀਆਂ ਆਈਆਂ ਲੱਗ ਸਕਦੀਆਂ ਹਨ। ਕੁਝ ਲੋਕਾਂ ਨੂੰ ਜੁਰਮ ਦੇ ਵਾਪਰਨ ਤੋਂ ਬਾਅਦ ਬਹੁਤ ਥੋੜ੍ਹੇ ਸਮੇਂ ਵਿਚ ਵੱਖ ਵੱਖ ਤਰ੍ਹਾਂ ਦੇ ਜਜ਼ਬਾਤਾਂ ਦਾ ਅਨੁਭਵ ਹੋ ਸਕਦਾ ਹੈ ਅਤੇ ਹੋਰਨਾਂ ਨੂੰ ਇਨ੍ਹਾਂ ਭਾਵਨਾਵਾਂ ਦਾ ਤਜਰਬਾ ਜੁਰਮ ਤੋਂ ਬਾਅਦ ਲੰਮੇ ਸਮੇਂ ਲਈ ਹੋ ਸਕਦਾ ਹੈ। ਜੇ ਤੁਹਾਨੂੰ ਸਦਮੇ ਦੇ ਅਸਰ ਗਲਬਾ ਪਾਉਣ ਵਾਲੇ ਮਹਿਸੂਸ ਹੋਣ ਜਾਂ ਜੇ ਨਿਸ਼ਾਨੀਆਂ ਕਾਇਮ ਰਹਿਣ ਤਾਂ ਤੁਹਾਨੂੰ ਪੇਸ਼ਾਵਰ ਮਦਦ ਲੈਣੀ ਚਾਹੀਦੀ ਹੈ। ਆਪਣੇ ਫੈਮਿਲੀ ਡਾਕਟਰ, ਥੈਰਾਪਿਸਟ ਜਾਂ ਕੌਂਸਲਰ ਨਾਲ ਗੱਲ ਕਰੋ।

ਆਪਣਾ ਧਿਆਨ ਰੱਖਣਾ ਅਤੇ ਲੋੜੀਂਦੀ ਮਦਦ ਅਤੇ ਸਹਾਰਾ ਲੈਣਾ ਤੁਹਾਡੇ ਲਈ ਜ਼ਰੂਰੀ ਹੈ। ਇਸ ਸਮੇਂ ਨੂੰ ਮੌਜੂਦਾ ਸਮੇਂ ਸੌਖਾ ਬਣਾਉਣ ਲਈ ਅਤੇ ਭਵਿੱਖ ਵਿਚ ਆਪਣੇ ਲਈ ਚੀਜ਼ਾਂ ਸੁਧਾਰਨ ਲਈ ਤੁਸੀਂ ਕਈ ਚੀਜ਼ਾਂ ਕਰ ਸਕਦੇ ਹੋ।

- ਜੇ ਤੁਸੀਂ ਡਰੇ ਹੋਏ ਹੋ ਤਾਂ ਕਿਸੇ ਨੂੰ ਆਪਣੇ ਨਾਲ ਰਹਿਣ ਲਈ ਕਹੋ, ਕਿਸੇ ਦੋਸਤ ਦੇ ਘਰ ਜਾਂ ਆਪਣੇ ਪਰਿਵਾਰ ਦੇ ਮੈਂਬਰ ਨਾਲ ਰਹੋ। ਜੇ ਇਕੱਲੇ ਬਾਹਰ ਜਾਣਾ ਤੁਹਾਨੂੰ ਡਰਾਉਂਦਾ ਹੈ ਤਾਂ ਕਿਸੇ ਨੂੰ ਨਾਲ ਜਾਣ ਲਈ ਕਹੋ।
- ਆਪਣੇ ਤਜਰਬੇ ਬਾਰੇ ਗੱਲ ਕਰਨਾ, ਆਪਣੀਆਂ ਭਾਵਨਾਵਾਂ ਅਤੇ ਰੀਐਕਸ਼ਨ ਜ਼ਾਹਰ ਕਰਨ ਦਾ ਇਕ ਚੰਗਾ ਤਰੀਕਾ ਹੋ ਸਕਦਾ ਹੈ। ਪਰਿਵਾਰ ਅਤੇ ਦੋਸਤ ਸਭ ਤੋਂ ਵਧੀਆ ਮਦਦ ਹੋ ਸਕਦੇ ਹਨ।
- ਨੇਮ ਨਾਲ ਖਾਣ ਦੀ ਕੋਸ਼ਿਸ਼ ਕਰੋ, ਭਾਵੇਂ ਤੁਸੀਂ ਥੋੜ੍ਹੀ ਮਾਤਰਾ ਵਿਚ ਹੀ ਖਾ ਸਕੋ, ਅਤੇ ਬਹੁਤ ਸਾਰਾ ਆਰਾਮ ਕਰੋ। ਕਸਰਤ ਵੀ ਮਹੱਤਵਪੂਰਨ ਹੈ। ਆਰਾਮ, ਕਸਰਤ ਅਤੇ ਸੌਣਾ ਘਟਨਾ ਨਾਲ ਸੰਬੰਧਿਤ ਸਟਰੈੱਸ ਨਾਲ ਸਿੱਝਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ।
- ਜੇ ਤੁਸੀਂ ਸਰੀਰਕ ਤੌਰ ’ਤੇ ਜ਼ਖਮੀ ਹੋਏ ਹੋ, ਜਾਂ ਜੇ ਤੁਹਾਨੂੰ ਇਹ ਡਰ ਲੱਗਦਾ ਹੈ ਕਿ ਇਸ ਜੁਰਮ ਦੇ ਨਤੀਜੇ ਵਜੋਂ ਤੁਹਾਡੇ ’ਤੇ ਸਰੀਰਕ ਅਸਰ ਪੈ ਸਕਦੇ ਹਨ ਤਾਂ ਡਾਕਟਰੀ ਸਹਾਇਤਾ ਲਵੋ।

- ਸਟਰੈੱਸ ਦੀਆਂ ਨਿਸ਼ਾਨੀਆਂ ਜਿਵੇਂ ਕਿ ਸੌਣ ਵਿਚ ਮੁਸ਼ਕਲ, ਡਿਪਰੈਸ਼ਨ ਜਾਂ ਚਿੰਤਾ ਆਮ ਤੌਰ 'ਤੇ ਹੌਲੀ ਹੌਲੀ ਹਟ ਜਾਂਦੇ ਹਨ। ਜੇ ਕੋਈ ਸਰੀਰਕ ਜਾਂ ਜਜ਼ਬਾਤੀ ਨਿਸ਼ਾਨੀਆਂ ਕਾਇਮ ਰਹਿਣ ਤਾਂ ਸਲਾਹ ਲਈ ਆਪਣੇ ਫੈਮਿਲੀ ਡਾਕਟਰ ਕੋਲ ਜਾਉ।
- ਸਟਰੈੱਸ ਘਟਾਉਣ ਵਾਲੀਆਂ ਸਰਗਰਮੀਆਂ ਵਿਚ ਹਿੱਸਾ ਲਉ ਜਾਂ ਜਿਹੜੀਆਂ ਠੀਕ ਕਰਨ ਵਾਲੀਆਂ ਅਤੇ ਆਨੰਦਮਈ ਹਨ। ਜਿੰਨਾ ਵੀ ਹੋ ਸਕੇ ਆਪਣਾ ਰੋਜ਼ਾਨਾ ਨੇਮ ਕਾਇਮ ਰੱਖਣ ਦੀ ਕੋਸ਼ਿਸ਼ ਕਰੋ।
- ਪੁਲੀਸ ਜਾਂ ਲੋਕਲ ਵਿਕਟਿਮ ਸਰਵਿਸਿਜ਼ ਪ੍ਰੋਗਰਾਮ ਨੂੰ ਕਹੋ ਕਿ ਉਹ ਤੁਹਾਡੇ ਘਰ ਦੀ ਸਕਿਉਰਟੀ ਚੈੱਕ ਕਰਨ ਅਤੇ ਉਨ੍ਹਾਂ ਤਰੀਕਿਆਂ ਬਾਰੇ ਤੁਹਾਨੂੰ ਦੱਸਣ ਜਿਨ੍ਹਾਂ ਨਾਲ ਤੁਸੀਂ ਆਪਣੀ ਰੱਖਿਆ ਕਰ ਸਕਦੇ ਹੋ। ਇਨ੍ਹਾਂ ਸਾਵਧਾਨੀਆਂ ਨਾਲ ਤੁਸੀਂ ਸੁਰੱਖਿਅਤ ਮਹਿਸੂਸ ਕਰੋਗੇ – ਅਤੇ ਇਹ ਮਹਿਸੂਸ ਕਰੋਗੇ ਕਿ ਆਪਣੀ ਰੱਖਿਆ ਕਰਨ ਲਈ ਤੁਹਾਡੇ ਕੋਲ ਕੁਝ ਤਾਕਤ ਹੈ।

## ਤੁਹਾਡੇ ਹੱਕ

ਬ੍ਰਿਟਿਸ਼ ਕੋਲੰਬੀਆ *ਵਿਕਟਿਮਜ਼ ਆਫ ਕਰਾਇਮ ਐਕਟ*, ਜੁਰਮਾਂ ਤੋਂ ਪੀੜਿਤਾਂ ਨੂੰ ਖਾਸ ਹੱਕ ਦਿੰਦਾ ਹੈ ਜਿਸ ਵਿਚ ਇਹ ਵੀ ਸ਼ਾਮਲ ਹਨ:

- ਨਿਆਂਇਕ ਅਮਲੇ ਦੇ ਸਾਰੇ ਲੋਕਾਂ ਵਲੋਂ ਬਿਨਾਂ ਕਿਸੇ ਵਿਤਕਰੇ ਦੇ ਆਦਰ ਅਤੇ ਮਾਣ ਨਾਲ ਵਰਤਾਉ ਕੀਤੇ ਜਾਣ ਦਾ ਹੱਕ
- ਜਸਟਿਸ (ਨਿਆਂਇਕ) ਸਿਸਟਮ, ਪੀੜਿਤਾਂ ਲਈ ਸੇਵਾਵਾਂ ਅਤੇ ਇਸ ਨਾਲ ਸੰਬੰਧਿਤ ਕਾਨੂੰਨ ਬਾਰੇ ਜਾਣਕਾਰੀ ਲੈਣ ਦਾ ਹੱਕ।
- ਪੜਤਾਲ, ਮੁਕੱਦਮੇ, ਸਜ਼ਾ ਅਤੇ ਰਿਹਾਈ ਦੇ ਸੰਬੰਧ ਵਿਚ ਕੇਸ ਦੀ ਖਾਸ ਜਾਣਕਾਰੀ ਲੈਣ ਦਾ ਹੱਕ।
- ਸਜ਼ਾ ਤੋਂ ਪਹਿਲਾਂ ਅਦਾਲਤ ਅੱਗੇ ਪੀੜਿਤ 'ਤੇ ਪਏ ਅਸਰ ਦੀ ਜਾਣਕਾਰੀ ਪ੍ਰਦਾਨ ਕਰਨ ਲਈ ਢੁਕਵਾਂ ਮੌਕਾ ਦਿੱਤੇ ਜਾਣ ਦਾ ਹੱਕ।
- ਨਿਰਪੱਖ ਕਾਨੂੰਨੀ ਨੁਮਾਇੰਦਗੀ ਪ੍ਰਾਪਤ ਕਰਨ ਦਾ ਹੱਕ, ਜਿੱਥੇ ਇਹ ਵਾਰਾ ਨਾ ਖਾਂਦੀ ਹੋਵੇ ਉੱਥੇ ਨਿੱਜੀ ਰਿਕਾਰਡਾਂ ਦਾ ਪ੍ਰਗਟਾ ਕਰਕੇ ਮੁਫਤ ਮਿਲਣ ਦਾ ਹੱਕ।

ਕਰਿਮੀਨਲ ਜਸਟਿਸ ਦੀ ਕਾਰਵਾਈ ਦੌਰਾਨ, ਵਿਕਟਿਮ ਸਰਵਿਸ ਵਰਕਰ, ਕੇਸ ਨਾਲ ਸੰਬੰਧਿਤ ਜਾਣਕਾਰੀ ਲੈਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ ਅਤੇ ਪੁਲੀਸ, ਕਰਾਊਨ ਕੌਂਸਲ (ਸਰਕਾਰੀ ਵਕੀਲ), ਅਦਾਲਤਾਂ ਅਤੇ ਕੋਰੈਕਸ਼ਨਜ਼ ਨਾਲ ਤਾਲਮੇਲ ਕਰ ਸਕਦੇ ਹਨ।

## ਪੁਲੀਸ ਕੋਲ ਜੁਰਮ ਦੀ ਰਿਪੋਰਟ ਕਰਨਾ

ਜੇ ਤੁਸੀਂ ਕਿਸੇ ਗੰਭੀਰ ਜੁਰਮ ਦਾ ਸ਼ਿਕਾਰ ਹੋਏ ਹੋ ਅਤੇ ਪੁਲੀਸ ਨੂੰ ਸ਼ਾਮਲ ਕਰਨ ਤੋਂ ਝਿਜਕਦੇ ਹੋ, ਜਾਂ ਜੇ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਕੀ ਤੁਸੀਂ ਚਾਹੁੰਦੇ ਹੋ ਕਿ ਨਹੀਂ ਤਾਂ ਤੁਸੀਂ ਵਿਕਟਿਮ ਸਰਵਿਸਿਜ਼ ਜਾਂ ਮਦਦ ਕਰਨ ਵਾਲੀਆਂ ਹੋਰ ਸੰਸਥਾਵਾਂ ਤੋਂ ਮਦਦ ਲੈ ਸਕਦੇ ਹੋ। ਜਾਣਕਾਰੀ ਅਤੇ ਰੈਫਰਲ ਸੇਵਾਵਾਂ ਲਈ ਵਿਕਟਿਮਲਿੰਕ ਬੀ ਸੀ ਨਾਲ 1-800-563-0808 'ਤੇ ਸੰਪਰਕ ਕਰੋ।

ਜੇ ਤੁਸੀਂ ਪੁਲੀਸ ਕੋਲ ਜੁਰਮ ਦੇ ਸ਼ਿਕਾਰ ਹੋਣ ਦੀ ਰਿਪੋਰਟ ਕਰਨ ਦਾ ਫੈਸਲਾ ਕਰਦੇ ਹੋ ਤਾਂ ਇਹ ਛੇਤੀ ਤੋਂ ਛੇਤੀ ਕਰਨਾ ਚੰਗਾ ਹੈ। ਛੇਤੀ ਰਿਪੋਰਟ ਕਰਨ ਨਾਲ ਸਬੂਤ ਲੱਭਣ ਅਤੇ ਸਾਂਭਣ ਅਤੇ ਕਥਿਤ ਦੋਸ਼ੀ ਨੂੰ ਫੜਨ ਅਤੇ/ਜਾਂ ਮੁਕੱਦਮਾ ਚਲਾਉਣ ਦੇ ਮੌਕੇ ਵਧ ਸਕਦੇ ਹਨ।

ਜਦੋਂ ਤੁਸੀਂ ਪੁਲੀਸ ਨੂੰ ਰਿਪੋਰਟ ਕਰਦੇ ਹੋ ਕਿ ਤੁਸੀਂ ਜੁਰਮ ਦਾ ਸ਼ਿਕਾਰ ਹੋਏ ਹੋ ਤਾਂ ਤੁਹਾਨੂੰ ਆਮ ਤੌਰ 'ਤੇ ਸਟੇਟਮੈਂਟ (ਬਿਆਨ) ਦੇਣ ਲਈ ਕਿਹਾ ਜਾਵੇਗਾ। ਇਕ ਪੁਲੀਸ ਅਫਸਰ ਤੁਹਾਡੇ ਨਾਲ ਗੱਲ ਕਰੇਗਾ ਅਤੇ ਜੋ ਹੋਇਆ ਹੈ ਉਸ ਬਾਰੇ ਸਵਾਲ ਪੁੱਛੇਗਾ। ਘਟਨਾ ਬਾਰੇ ਯਾਦ ਹਰ ਚੀਜ਼ ਪੁਲੀਸ ਨੂੰ ਦੱਸਣਾ ਜ਼ਰੂਰੀ ਹੈ। ਤੁਹਾਨੂੰ ਆਪਣੀ ਸਟੇਟਮੈਂਟ ਆਪ ਲਿਖਣ ਲਈ ਕਿਹਾ ਜਾ ਸਕਦਾ ਹੈ ਜਾਂ ਪੁਲੀਸ ਅਫਸਰ ਤੁਹਾਡੇ ਬਿਆਨਾਂ ਨੂੰ ਆਧਾਰ ਬਣਾ ਕੇ ਲਿਖਤੀ ਸਟੇਟਮੈਂਟ ਤਿਆਰ ਕਰ ਸਕਦਾ ਹੈ। ਇਹ ਪੱਕਾ ਕਰਨ ਲਈ ਕਿ ਸਟੇਟਮੈਂਟ ਸਹੀ ਹੈ, ਤੁਹਾਨੂੰ ਸਟੇਟਮੈਂਟ ਪੜ੍ਹਨ ਅਤੇ ਇਸ 'ਤੇ ਦਸਖਤ ਕਰਨ ਲਈ ਕਿਹਾ ਜਾ ਸਕਦਾ ਹੈ। ਕੁਝ ਕੇਸਾਂ ਵਿਚ ਤੁਹਾਡੀ ਸਟੇਟਮੈਂਟ ਵੀਡੀਓ ਟੇਪ ਕੀਤੀ ਇੰਟਰਵਿਊ ਵਿਚ ਰਿਕਾਰਡ ਵੀ ਕੀਤੀ ਜਾ ਸਕਦੀ ਹੈ। ਕਦੇ ਕਦੇ ਪੁਲੀਸ ਨੂੰ ਤੁਹਾਡੇ ਨਾਲ ਇਕ ਤੋਂ ਜ਼ਿਆਦਾ ਵਾਰੀ ਗੱਲ ਕਰਨ ਦੀ ਲੋੜ ਪੈ ਸਕਦੀ ਹੈ।

ਜੇ ਤੁਸੀਂ ਇਹ ਰਿਪੋਰਟ ਕਰਨ ਦਾ ਫੈਸਲਾ ਕਰਦੇ ਹੋ ਕਿ ਤੁਸੀਂ ਜੁਰਮ ਦਾ ਸ਼ਿਕਾਰ ਹੋਏ ਹੋ ਅਤੇ ਪੁਲੀਸ ਨੂੰ ਸਟੇਟਮੈਂਟ ਦਿੰਦੇ ਹੋ ਤਾਂ ਇਹ ਇਸ ਚੀਜ਼ ਨੂੰ ਯਕੀਨੀ ਨਹੀਂ ਬਣਾਉਂਦਾ ਕਿ ਸ਼ੱਕੀ ਨੂੰ ਫੜ ਲਿਆ ਜਾਵੇਗਾ। ਮੁਜਰਮਾਨਾ ਚਾਰਜ ਲਾਉਣ ਲਈ, ਪੁਲੀਸ ਲਈ ਜੁਰਮ ਦੀ ਪੜਤਾਲ ਕਰਨਾ ਜ਼ਰੂਰੀ ਹੈ ਅਤੇ ਉਨ੍ਹਾਂ ਨੂੰ ਤੁਹਾਡੇ ਵਲੋਂ ਦਿੱਤੀ ਗਈ ਸਟੇਟਮੈਂਟ ਤੋਂ ਇਲਾਵਾ ਹੋਰ ਸਬੂਤ ਇਕੱਠੇ ਕਰਨ ਦੀ ਲੋੜ ਹੋ ਸਕਦੀ ਹੈ। ਪੁਲੀਸ ਦੀ ਪੜਤਾਲ ਪੂਰੀ ਹੋ ਜਾਣ ਤੋਂ ਬਾਅਦ ਜੇ ਪੁਲੀਸ ਇਹ ਯਕੀਨ ਕਰਦੀ ਹੋਵੇ ਕਿ ਚਾਰਜ ਲਾਉਣ ਲਈ ਕਾਫੀ ਸਬੂਤ ਹਨ ਤਾਂ ਉਹ ਕਰਾਊਨ ਕੌਂਸਲ ਲਈ ਰਿਪੋਰਟ ਤਿਆਰ ਕਰਨਗੇ ਜਿਸ ਵਿਚ ਚਾਰਜ ਲਾਉਣ ਦੀ ਸਿਫਾਰਸ਼ ਕੀਤੀ ਗਈ ਹੋਵੇਗੀ।

## ਕਰਾਊਨ ਕੌਂਸਲ ਅਤੇ ਅਦਾਲਤਾਂ

ਕਰਾਊਨ ਕੌਂਸਲ ਸਰਕਾਰੀ ਵਕੀਲ ਹੁੰਦੇ ਹਨ ਜਿਹੜੇ ਮੁਜਰਮਾਨਾ ਕੇਸ ਲੜਦੇ ਹਨ। ਕੈਨੇਡਾ ਵਿਚ, ਜੁਰਮਾਂ ਨੂੰ ਸਮੁੱਚੇ ਤੌਰ 'ਤੇ ਸਮਾਜ ਦੇ ਖਿਲਾਫ ਅਪਰਾਧਾਂ ਵਜੋਂ ਨਜਿੱਠਿਆ ਜਾਂਦਾ ਹੈ ਅਤੇ ਇਸ ਕਰਕੇ ਕਰਾਊਨ ਕੌਂਸਲ ਪਬਲਿਕ ਦੇ ਸਾਰੇ ਮੈਂਬਰਾਂ ਦੀ ਤਰਫੋਂ ਕਾਰਵਾਈ ਕਰਦੇ ਹਨ ਅਤੇ ਤੁਹਾਡੇ ਨਿੱਜੀ ਵਕੀਲ ਵਜੋਂ ਕਾਰਵਾਈ ਨਹੀਂ ਕਰ ਰਹੇ ਹੁੰਦੇ।

ਇਹ ਫੈਸਲਾ ਕਰਾਊਨ ਕੌਂਸਲ ਕਰੇਗਾ ਕਿ ਕੀ ਕੋਈ ਮੁਜਰਮਾਨਾ ਚਾਰਜ ਲਾਉਣ ਲਈ ਕਾਫੀ ਸਬੂਤ ਹਨ, ਜੇ ਹਨ ਤਾਂ ਕਿਹੜੇ ਚਾਰਜ ਲਾਉਣੇ ਹਨ। ਮੁਜਰਮਾਨਾ ਚਾਰਜ ਲਾਉਣ ਲਈ ਕਰਾਊਨ ਕੌਂਸਲ ਦਾ ਇਸ ਗੱਲ ਤੋਂ ਸੰਤੁਸ਼ਟ ਹੋਣਾ ਜ਼ਰੂਰੀ ਹੈ ਕਿ ਇਸ ਚੀਜ਼ ਦੇ ਕਾਫੀ ਸਬੂਤ ਹਨ ਕਿ ਸ਼ੱਕੀ ਵਿਅਕਤੀ ਨੂੰ ਇਕ ਵਾਜਬ ਸ਼ੱਕ ਤੋਂ ਅਗਾਂਹ ਦੋਸ਼ੀ ਪਾਇਆ ਜਾਵੇਗਾ। ਜੇ ਤੁਹਾਡੇ ਕੇਸ ਵਿਚ ਚਾਰਜ ਨਹੀਂ ਲਾਏ ਜਾਂਦੇ ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਪੁਲੀਸ ਅਤੇ ਕਰਾਊਨ ਕੌਂਸਲ ਤੁਹਾਡੇ 'ਤੇ ਯਕੀਨ ਨਹੀਂ ਕਰਦੇ ਜਾਂ ਇਹ ਕਿ ਜੁਰਮ ਹੋਇਆ ਨਹੀਂ। ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਅਦਾਲਤ ਵਿਚ ਮੁਜਰਮਾਨਾ ਚਾਰਜ ਸਾਬਤ ਕਰਨ ਲਈ ਕਾਫੀ ਸਬੂਤ ਨਹੀਂ ਹੈ।

ਜੇ ਕਰਾਊਨ ਕੌਂਸਲ ਵਲੋਂ ਚਾਰਜ ਲਾਏ ਜਾਂਦੇ ਹਨ ਤਾਂ ਕਥਿਤ ਦੋਸ਼ੀ ਨੂੰ ਚਾਰਜ ਕੀਤਾ ਜਾ ਸਕਦਾ ਹੈ ਅਤੇ ਬਾਅਦ ਦੀ ਕਿਸੇ ਮਿੱਥੀ ਤਾਰੀਕ ਨੂੰ ਅਦਾਲਤ ਵਿਚ ਪੇਸ਼ ਹੋਣ ਤੱਕ ਰਿਹਾ ਕੀਤਾ ਜਾ ਸਕਦਾ ਹੈ ਜਾਂ ਕਥਿਤ ਦੋਸ਼ੀ ਨੂੰ ਚਾਰਜ ਕੀਤਾ ਜਾ ਸਕਦਾ ਹੈ ਅਤੇ ਹਿਰਾਸਤ ਵਿਚ ਲਿਜਾਇਆ ਜਾ ਸਕਦਾ ਹੈ ਅਤੇ ਜ਼ਮਾਨਤ ਦੀ ਸੁਣਵਾਈ ਵਿਚ ਜ਼ਮਾਨਤ ਹੋਣ ਤੱਕ ਛੱਡਿਆ ਨਹੀਂ ਜਾ ਸਕਦਾ। ਜਦੋਂ ਕਿਸੇ ਵਿਅਕਤੀ ਨੂੰ ਕਿਸੇ ਜੁਰਮ ਲਈ ਚਾਰਜ ਕਰ ਲਿਆ ਜਾਂਦਾ ਹੈ, ਤਾਂ ਅਦਾਲਤ ਉਸ ਉਪਰ ਬੰਦਸ਼ਾਂ ਲਾ ਸਕਦੀ ਹੈ ਜਿਨ੍ਹਾਂ ਦੀ ਉਸ ਵਿਅਕਤੀ ਲਈ ਅਦਾਲਤ ਦਾ ਕੇਸ ਖਤਮ ਹੋਣ ਤੱਕ ਪਾਲਣਾ ਕਰਨਾ ਜ਼ਰੂਰੀ ਹੈ। ਇਕ ਸੰਭਵ ਬੰਦਸ਼ ਜੁਰਮ ਦੇ ਸ਼ਿਕਾਰ ਨਾਲ ਕੋਈ ਸੰਪਰਕ ਨਹੀਂ ਕਰਨਾ ਹੁੰਦੀ ਹੈ।

ਕੈਨੇਡਾ ਵਿਚ ਕਿਸੇ ਮੁਜਰਮਾਨਾ ਜੁਰਮ ਲਈ ਚਾਰਜ ਕੀਤਾ ਗਿਆ ਹਰ ਵਿਅਕਤੀ ਅਦਾਲਤ ਵਿਚ ਮੁਕੱਦਮਾ ਚੱਲਣ ਦਾ ਹੱਕਦਾਰ ਹੈ। ਮੁਕੱਦਮੇ ਨੂੰ ਇਹ ਪਤਾ ਲਾਉਣ ਦਾ ਨਿਆਂਕਾਰੀ ਤਰੀਕਾ ਸਮਝਿਆ ਜਾਂਦਾ ਹੈ ਕਿ ਕੀ ਕਿਸੇ ਵਿਅਕਤੀ ਨੇ ਕਾਨੂੰਨ ਤੋੜਿਆ ਹੈ ਜਾਂ ਨਹੀਂ। ਜੇ ਕਥਿਤ ਦੋਸ਼ੀ ਦੋਸ਼ਾਂ ਨੂੰ ਮੰਨ ਲੈਂਦਾ ਹੈ (ਗਿਲਟੀ ਪਲੀਅ ਕਰਦਾ ਹੈ) ਤਾਂ ਮੁਕੱਦਮਾ ਨਹੀਂ ਚੱਲਦਾ।

ਜੇ ਮੁਕੱਦਮੇ ਦੀ ਤਾਰੀਕ ਮਿੱਥੀ ਜਾਂਦੀ ਹੈ ਤਾਂ ਤੁਹਾਨੂੰ ਅਦਾਲਤ ਵਿਚ ਗਵਾਹੀ ਦੇਣ ਲਈ ਸਫੀਨਾ ਮਿਲਣ ਦੀ ਸੰਭਾਵਨਾ ਹੈ। ਸਫੀਨਾ ਅਦਾਲਤ ਦਾ ਇਕ ਆਰਡਰ ਹੈ ਜੋ ਕਿਸੇ ਵਿਅਕਤੀ ਤੋਂ ਇਹ ਮੰਗ ਕਰਦਾ ਹੈ ਕਿ ਉਹ ਅਦਾਲਤ ਵਿਚ ਪੇਸ਼ ਹੋਵੇ ਅਤੇ ਮੁਕੱਦਮੇ ਵਿਚ ਗਵਾਹੀ ਦੇਵੇ। ਦੋਸ਼ ਲੱਗੇ ਵਿਅਕਤੀ ਦੇ ਖਿਲਾਫ ਕੇਸ ਚਲਾਉਣ ਲਈ ਕਰਾਊਨ ਕੌਂਸਲ ਜ਼ਿੰਮੇਵਾਰ ਹੈ ਅਤੇ ਤੁਹਾਡੀ ਗਵਾਹੀ ਕਰਾਊਨ ਕੌਂਸਲ ਦੇ ਕੇਸ ਦਾ ਬਹੁਤ ਮਹੱਤਵਪੂਰਨ ਹਿੱਸਾ ਹੈ।

ਤੁਹਾਡੇ ਮਨ ਵਿਚ ਅਦਾਲਤ ਦੀ ਕਾਰਵਾਈ ਬਾਰੇ ਬਹੁਤ ਸਾਰੇ ਸਵਾਲ ਹੋ ਸਕਦੇ ਹਨ। ਅਦਾਲਤ ਵਿਚ ਗਵਾਹੀ ਦੇਣ ਬਾਰੇ ਵੀ ਤੁਹਾਡੇ ਮਨ ਵਿਚ ਡਰ ਜਾਂ ਫਿਕਰ ਹੋ ਸਕਦੇ ਹਨ। ਵਿਕਟਿਮ ਸਰਵਿਸ ਵਰਕਰ ਤੁਹਾਨੂੰ ਇਸ ਚੀਜ਼ ਬਾਰੇ ਜਾਣਕਾਰੀ ਦੇ ਸਕਦੇ ਹਨ ਕਿ ਅਦਾਲਤ ਵਿਚ ਕੀ ਉਮੀਦ ਰੱਖਣੀ ਹੈ ਅਤੇ ਤੁਹਾਨੂੰ ਉਨ੍ਹਾਂ ਚੋਣਾਂ ਬਾਰੇ ਦੱਸ ਸਕਦੇ ਹਨ ਜਿਹੜੀਆਂ ਤੁਹਾਡੇ ਲਈ ਗਵਾਹੀ ਦੇਣ ਨੂੰ ਸੌਖਾ ਬਣਾ ਸਕਦੀਆਂ ਹਨ।

## ਸਜ਼ਾ ਅਤੇ ਕੋਰੈਕਸ਼ਨਜ਼

ਜੇ ਕਥਿਤ ਦੋਸ਼ੀ ਕਸੂਰਵਾਰ ਨਹੀਂ ਸਮਝਿਆ ਜਾਂਦਾ ਤਾਂ ਉਸ ਨੂੰ ਚਾਰਜ ਤੋਂ ਬਰੀ ਕਰ ਦਿੱਤਾ ਜਾਂਦਾ ਹੈ ਅਤੇ ਉਹ ਜਾਣ ਲਈ ਆਜ਼ਾਦ ਹੁੰਦਾ ਹੈ।

ਜੇ ਕਥਿਤ ਦੋਸ਼ੀ ਕਸੂਰ ਮੰਨ ਲੈਂਦਾ ਹੈ ਜਾਂ ਮੁਕੱਦਮੇ ਤੋਂ ਬਾਅਦ ਦੋਸ਼ੀ ਠਹਿਰਾਇਆ ਜਾਂਦਾ ਹੈ ਤਾਂ ਸਜ਼ਾ ਦੇਣ ਲਈ ਅਦਾਲਤ ਜ਼ਿੰਮੇਵਾਰ ਹੈ। ਸਜ਼ਾ ਫੌਰਨ ਦਿੱਤੀ ਜਾ ਸਕਦੀ ਹੈ, ਜਾਂ ਕਿਸੇ ਹੋਰ ਤਾਰੀਕ ਨੂੰ ਸੁਣਾਈ ਜਾ ਸਕਦੀ ਹੈ।

ਢੁਕਵੀਂ ਸਜ਼ਾ ਦਾ ਫੈਸਲਾ ਕਰਨ ਵੇਲੇ, ਅਦਾਲਤ ਕਈ ਪੱਖਾਂ ਨੂੰ ਧਿਆਨ ਵਿਚ ਰੱਖ ਸਕਦੀ ਹੈ, ਜਿਸ ਵਿਚ ਜੁਰਮ ਦੇ ਦੁਆਲੇ ਦੇ ਹਾਲਾਤ, ਦੋਸ਼ੀ ਦਾ ਮੁਜਰਮਾਨਾ ਰਿਕਾਰਡ (ਜੇ ਹੋਵੇ) ਅਤੇ ਨਿੱਜੀ ਹਿਸਟਰੀ ਅਤੇ ਪੀੜਿਤ ਉੱਪਰ ਜੁਰਮ ਦਾ ਅਸਰ ਸ਼ਾਮਲ ਹਨ। ਅਦਾਲਤ ਕੈਨੇਡਾ ਭਰ ਦੇ ਇਹੋ ਜਿਹੇ ਜੁਰਮਾਂ ਅਤੇ ਹਾਲਾਤਾਂ ਲਈ ਸੁਣਾਈਆਂ ਗਈਆਂ ਸਜ਼ਾਵਾਂ ਨੂੰ ਵੀ ਧਿਆਨ ਵਿਚ ਰੱਖੇਗੀ।

ਸਜ਼ਾਵਾਂ ਵੱਖ ਵੱਖ ਹੋ ਸਕਦੀਆਂ ਹਨ ਅਤੇ ਸਜ਼ਾਵਾਂ ਦੀਆਂ ਵੱਖ ਵੱਖ ਕਿਸਮਾਂ ਹਨ ਜਾਂ ਜੁਰਮਾਨਿਆਂ ਦੇ ਸੁਮੇਲ ਹਨ ਜਿਹੜੇ ਕਿ ਅਦਾਲਤ ਠੋਸ ਸਕਦੀ ਹੈ। ਕੈਨੇਡਾ ਦੇ ਕਾਨੂੰਨ ਹੇਠ ਸਭ ਤੋਂ ਗੰਭੀਰ ਸਜ਼ਾ ਜੇਲ੍ਹ ਹੋਣਾ ਹੈ।

ਜੇ ਦੋਸ਼ੀ ਪਾਏ ਗਏ ਵਿਅਕਤੀ ਨੂੰ ਜੇਲ੍ਹ ਦੀ ਸਜ਼ਾ ਦਿੱਤੀ ਜਾਂਦੀ ਹੈ ਤਾਂ ਤੁਸੀਂ ਉਸ ਵਿਅਕਤੀ ਬਾਰੇ ਖਾਸ ਜਾਣਕਾਰੀ ਲੈਣ ਦੇ ਹੱਕਦਾਰ ਹੋ ਸਕਦੇ ਹੋ ਜਿਵੇਂ ਕਿ ਉਸ ਦੀ ਸਜ਼ਾ ਦੀ ਲੰਬਾਈ, ਸਜ਼ਾ ਕਿੱਥੇ ਕੱਟੀ ਜਾਵੇਗੀ ਅਤੇ ਪੈਰੋਲ ਲਈ ਉਸ ਦੀ ਹੱਕਦਾਰੀ ਅਤੇ ਰਿਵੀਊ ਕਰਨ ਦੀਆਂ ਤਾਰੀਕਾਂ।

ਪੈਰੋਲ ਕਿਸੇ ਅਪਰਾਧੀ ਦੀ ਕਸਟੱਡੀ ਤੋਂ ਸ਼ਰਤਾਂ ਨਾਲ ਰਿਹਾਈ ਹੈ ਅਤੇ ਇਹ ਅਪਰਾਧੀ ਨੂੰ ਆਪਣੀ ਸਜ਼ਾ ਦਾ ਇਕ ਹਿੱਸਾ ਭਾਈਚਾਰੇ ਵਿਚ ਨਿਗਰਾਨੀ ਹੇਠ ਕੱਟਣ ਦੀ ਆਗਿਆ ਦਿੰਦੀ ਹੈ। ਬਹੁਤੇ ਕੇਸਾਂ ਵਿਚ, ਪੈਰੋਲ ਬੋਰਡ ਇਹ ਵਿਚਾਰ ਕਰਨ ਲਈ ਸੁਣਵਾਈਆਂ ਕਰਦੇ ਹਨ ਕਿ ਕੀ ਕਿਸੇ ਅਪਰਾਧੀ ਨੂੰ ਪੈਰੋਲ ਦਿੱਤੀ ਜਾਣੀ ਹੈ ਜਾਂ ਨਹੀਂ। ਬ੍ਰਿਟਿਸ਼ ਕੋਲੰਬੀਆ ਵਿਚ, ਦੋ ਸਾਲਾਂ ਤੋਂ ਘੱਟ ਸਮੇਂ ਦੀ ਸਜ਼ਾ ਕੱਟ ਰਹੇ ਅਪਰਾਧੀਆਂ ਲਈ ਬੀ.ਸੀ. ਬੋਰਡ ਆਫ ਪੈਰੋਲ ਸੁਣਵਾਈਆਂ ਕਰਦਾ

ਹੈ ਅਤੇ ਦੋ ਨਾਲੋਂ ਜ਼ਿਆਦਾ ਸਾਲਾਂ ਲਈ ਸਜ਼ਾ ਕੱਟ ਰਹੇ ਅਪਰਾਧੀਆਂ ਲਈ ਨੈਸ਼ਨਲ ਪੈਰੋਲ ਬੋਰਡ ਸੁਣਵਾਈਆਂ ਕਰਦਾ ਹੈ।

ਤੁਸੀਂ ਪੈਰੋਲ ਦੀ ਸੁਣਵਾਈ ਵਿਚ ਸ਼ਾਮਲ ਹੋਣ ਲਈ ਕਹਿ ਸਕਦੇ ਹੋ ਅਤੇ ਜੁਰਮ ਦੇ ਤੁਹਾਡੇ 'ਤੇ ਪਏ ਅਸਰਾਂ ਬਾਰੇ ਪੈਰੋਲ ਬੋਰਡ ਨੂੰ ਜਾਣਕਾਰੀ ਦੇ ਸਕਦੇ ਹੋ। ਪੈਰੋਲ ਬੋਰਡ ਨੂੰ ਜਾਣਕਾਰੀ ਦੇਣ ਜਾਂ ਪੈਰੋਲ ਬੋਰਡ ਦੀ ਸੁਣਵਾਈ ਵਿਚ ਸ਼ਾਮਲ ਹੋਣ ਬਾਰੇ ਜ਼ਿਆਦਾ ਜਾਣਕਾਰੀ ਲਈ ਆਪਣੇ ਵਿਕਟਿਮ ਸਰਵਿਸ ਵਰਕਰ ਨਾਲ ਗੱਲ ਕਰੋ।

ਜੇ ਤੁਸੀਂ ਕਿਸੇ ਅਜਿਹੇ ਅਪਰਾਧੀ ਬਾਰੇ ਪੈਰੋਲ ਦੀ ਜਾਣਕਾਰੀ ਲੈਣਾ ਚਾਹੁੰਦੇ ਹੋ ਜੋ ਕਿ ਕਿਸੇ ਸੂਬਾਈ ਕੋਰੈਕਸ਼ਨਲ ਸੈਂਟਰ ਦੀ ਹਿਰਾਸਤ ਵਿਚ ਹੋ ਸਕਦਾ ਹੈ ਤਾਂ ਤੁਸੀਂ ਵਿਕਟਿਮ ਸੇਫਟੀ ਯੂਨਿਟ ਨਾਲ 1-877-315-8822 'ਤੇ ਮੁਫਤ ਸੰਪਰਕ ਕਰ ਸਕਦੇ ਹੋ।

ਜੇ ਤੁਸੀਂ ਕਿਸੇ ਅਜਿਹੇ ਅਪਰਾਧੀ ਬਾਰੇ ਜਾਣਕਾਰੀ ਲੈਣਾ ਚਾਹੁੰਦੇ ਹੋ ਜੋ ਕਿ ਕਿਸੇ ਫੈਡਰਲ ਜੇਲ੍ਹ ਦੀ ਹਿਰਾਸਤ ਵਿਚ ਹੋ ਸਕਦਾ ਹੈ ਤਾਂ ਤੁਸੀਂ ਵਿਕਟਿਮ ਨੋਟੀਫੀਕੇਸ਼ਨ ਸਰਵਿਸ ਦੇ ਵੇਰਵਿਆਂ ਅਤੇ ਆਮ ਜਾਣਕਾਰੀ ਲਈ ਨੈਸ਼ਨਲ ਪੈਰੋਲ ਬੋਰਡ ਦੀ ਵਿਕਟਿਮ ਇਨਫਰਮੇਸ਼ਨ ਲਾਈਨ ਨਾਲ 1-866-789-INFO (4636) 'ਤੇ ਸੰਪਰਕ ਕਰ ਸਕਦੇ ਹੋ।

## ਵਿਕਟਿਮ ਸੇਫਟੀ ਯੂਨਿਟ

ਵਿਕਟਿਮ ਸੇਫਟੀ ਯੂਨਿਟ, ਜੁਰਮ ਤੋਂ ਪੀੜਿਤਾਂ ਲਈ ਤਾਲਮੇਲ ਵਾਲਾ ਅਤੇ ਜ਼ਿਆਦਾ ਜਵਾਬ ਦਿੰਦਾ ਹੈ। ਵਿਕਟਿਮ ਸੇਫਟੀ ਯੂਨਿਟ ਇਹ ਕਰਕੇ ਪੀੜਿਤਾਂ ਦੀ ਸੇਫਟੀ ਨੂੰ ਉਤਸ਼ਾਹ ਦਿੰਦਾ ਹੈ:

- ਅਪਰਾਧੀਆਂ ਦੇ ਸੂਬਾਈ ਕਸਟੱਡੀ ਦੇ ਦਰਜੇ ਦੇ ਸੰਬੰਧ ਵਿਚ ਪੀੜਿਤਾਂ ਨੂੰ ਅਤੇ ਸਿਵਲ ਰਿਸਟਰੇਨਿੰਗ ਆਰਡਰ ਅਧੀਨ ਰੱਖਿਆ ਵਾਲੀਆਂ ਧਿਰਾਂ ਨੂੰ ਸੂਚਨਾ ਦੇ ਕੇ
- ਵਿਕਟਿਮ ਟਰੈਵਲ ਫੰਡ ਚਲਾ ਕੇ, ਜਿਹੜਾ ਪੀੜਿਤ ਅਤੇ ਉਸ ਦੇ ਪਰਿਵਾਰ ਦੇ ਮੈਂਬਰ ਨੂੰ ਨਿਆਂ ਨਾਲ ਸੰਬੰਧਿਤ ਸੁਣਵਾਈਆਂ ਵਿਚ ਜਾਣ ਦਾ ਮੌਕਾ ਪ੍ਰਦਾਨ ਕਰਦਾ ਹੈ
- ਵਿਕਟਿਮ ਸਰਵਿਸ ਦੇ ਸਥਾਨਕ ਪ੍ਰੋਗਰਾਮਾਂ ਨਾਲ ਕੰਮ ਕਰਕੇ ਤਾਂ ਜੋ ਇਹ ਪੱਕਾ ਹੋਵੇ ਕਿ ਪੀੜਿਤਾਂ ਕੋਲ ਆਪਣੀ ਸੇਫਟੀ ਯਕੀਨੀ ਬਣਾਉਣ ਲਈ ਵੱਖ ਵੱਖ ਤਰ੍ਹਾਂ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਹੈ ਅਤੇ ਉਨ੍ਹਾਂ ਸੇਵਾਵਾਂ ਤੱਕ ਪਹੁੰਚ ਹੈ।

*ਜੇ ਤੁਸੀਂ ਕਿਸੇ ਜੁਰਮ ਦਾ ਸ਼ਿਕਾਰ ਹੋ ਜਾਂ ਕਿਸੇ ਪ੍ਰੋਟੈਕਸ਼ਨ ਆਰਡਰ ਵਿਚ ਰੱਖਿਆ ਵਾਲੀ ਧਿਰ ਹੋ (ਜਿਵੇਂ ਪ੍ਰੋਬੇਸ਼ਨ ਅਫਸਰ, ਪੀਸ ਬੌਂਡ ਜਾਂ ਫੈਮਿਲੀ ਰਿਸਟਰੇਨਿੰਗ ਆਰਡਰ), ਅਤੇ ਤੁਸੀਂ ਚਾਹੁੰਦੇ ਹੋ ਕਿ ਅਪਰਾਧੀ ਨੂੰ ਕਸਟੱਡੀ ਵਿੱਚੋਂ ਰਿਹਾਅ ਕੀਤੇ ਜਾਣ ਦੀ ਤੁਹਾਨੂੰ ਸੂਚਨਾ ਮਿਲੇ ਤਾਂ ਰਜਿਸਟਰੇਸ਼ਨ ਫਾਰਮ ਲੈਣ ਲਈ ਕਿਸੇ ਵਿਕਟਿਮ ਸਰਵਿਸ ਵਰਕਰ ਨਾਲ ਗੱਲ ਕਰੋ ਜਾਂ 1-877-315-8822 'ਤੇ ਵਿਕਟਿਮ ਸੇਫਟੀ ਯੂਨਿਟ ਨੂੰ ਮੁਫਤ ਫੋਨ ਕਰੋ।*

## ਵਿਕਟਿਮ ਇਮਪੈਕਟ ਸਟੇਟਮੈਂਟ

ਵਿਕਟਿਮ ਇਮਪੈਕਟ ਸਟੇਟਮੈਂਟ ਇਸ ਚੀਜ਼ ਦਾ ਇਕ ਲਿਖਤੀ ਵੇਰਵਾ ਹੈ ਕਿ ਜੁਰਮ ਨੇ ਤੁਹਾਡੇ 'ਤੇ ਕਿਸ ਤਰ੍ਹਾਂ ਅਸਰ ਪਾਇਆ ਹੈ ਅਤੇ ਜੇ ਕਥਿਤ ਦੋਸ਼ੀ ਕਸੂਰਵਾਰ ਪਾਇਆ ਜਾਂਦਾ ਹੈ ਜਾਂ ਆਪਣਾ ਦੋਸ਼ ਮੰਨਦਾ ਹੈ ਤਾਂ ਇਸ ਦੀ ਵਰਤੋਂ ਸਜ਼ਾ ਦੇਣ ਵੇਲੇ ਕੀਤੀ ਜਾਂਦੀ ਹੈ।

ਵਿਕਟਿਮ ਇਮਪੈਕਟ ਸਟੇਟਮੈਂਟ ਮੁਕੰਮਲ ਕਰਨਾ ਇਕ ਚੋਣ ਹੈ। ਵਿਕਟਿਮ ਇਮਪੈਕਟ ਸਟੇਟਮੈਂਟ ਵਿਚਲੀ ਜਾਣਕਾਰੀ ਕਰਾਊਨ ਕੌਂਸਲ ਅਤੇ ਜੱਜ ਲਈ ਕੀਮਤੀ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੀ ਪੂਰੀ ਤਰ੍ਹਾਂ ਇਹ ਸਮਝਣ ਵਿਚ ਮਦਦ ਹੁੰਦੀ ਹੈ ਕਿ ਜੁਰਮ ਨੇ ਤੁਹਾਡੇ 'ਤੇ ਕਿਸ ਤਰ੍ਹਾਂ ਅਸਰ ਪਾਇਆ ਹੈ।

ਵਿਕਟਿਮ ਇਮਪੈਕਟ ਸਟੇਟਮੈਂਟ ਵਿਚ ਜੁਰਮ ਦਾ ਵੇਰਵਾ ਜਾਂ ਇਹ ਸ਼ਾਮਲ ਨਹੀਂ ਹੁੰਦਾ ਕਿ ਜੁਰਮ ਕਿਵੇਂ ਹੋਇਆ ਸੀ। ਉਹ ਜਾਣਕਾਰੀ ਤੁਹਾਡੀ ਪੁਲੀਸ ਨੂੰ ਦਿੱਤੀ ਸਟੇਟਮੈਂਟ ਵਿਚ ਹੈ ਅਤੇ ਮੁਕੱਦਮੇ ਨਾਲ ਸੰਬੰਧਿਤ ਹੈ।

ਕੋਈ ਵਿਕਟਿਮ ਸਰਵਿਸ ਵਰਕਰ ਵਿਕਟਿਮ ਇਮਪੈਕਟ ਸਟੇਟਮੈਂਟ ਲਿਖਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ, ਅਤੇ ਇਸ ਗੱਲ ਦੀ ਬਹੁਤ ਸੰਭਾਵਨਾ ਹੈ ਕਿ ਜੇ ਲੋੜ ਹੋਵੇ ਤਾਂ ਉਹ ਇਹ ਤੁਹਾਡੇ ਤੋਂ ਲੈ ਕੇ ਬਾਅਦ ਵਿਚ ਕਰਾਊਨ ਕੌਂਸਲ ਨੂੰ ਦੇ ਦੇਵੇਗਾ। ਜੇ ਤੁਸੀਂ ਵਿਕਟਿਮ ਇਮਪੈਕਟ ਸਟੇਟਮੈਂਟ ਮੁਕੰਮਲ ਕਰਨ ਦੇ ਯੋਗ ਨਾ ਹੋਵੋ ਤਾਂ ਕੋਈ ਹੋਰ, ਜਿਵੇਂ ਕਿ ਪਰਿਵਾਰ ਦਾ ਕੋਈ ਮੈਂਬਰ, ਤੁਹਾਡੀ ਤਰਫੋਂ ਸਟੇਟਮੈਂਟ ਮੁਕੰਮਲ ਕਰ ਸਕਦਾ ਹੈ।

## ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ

ਜੇ ਖਾਸ ਜੁਰਮਾਂ ਦੇ ਨਤੀਜੇ ਵਜੋਂ ਤੁਸੀਂ ਜ਼ਖਮੀ ਹੋਏ ਹੋ (ਸਰੀਰਕ ਜਾਂ ਜਜ਼ਬਾਤੀ ਤੌਰ 'ਤੇ) ਤਾਂ ਜੁਰਮ ਤੋਂ ਠੀਕ ਹੋਣ ਅਤੇ ਸੱਟ ਕਾਰਨ ਹੋਏ ਖਰਚਿਆਂ ਵਿਚ ਮਦਦ ਲਈ ਤੁਸੀਂ ਕਰਾਇਮ ਵਿਕਟਿਮ ਅਸਿਸਟੈਂਸ ਐਕਟ ਅਧੀਨ ਬੈਨੇਫਿਟਸ (ਭੱਤਿਆਂ) ਲਈ ਅਪਲਾਈ ਕਰ ਸਕਦੇ ਹੋ।

# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਜੁਰਮਾਂ ਦੇ ਪੀੜਿਤਾਂ ਲਈ ਜਾਣਕਾਰੀ

ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ ਰਾਹੀਂ ਮਿਲਣ ਵਾਲੇ ਬੈਨੇਫਿਟਸ ਦਾ ਮਕਸਦ ਹਿੰਸਕ ਜੁਰਮਾਂ ਦਾ ਸ਼ਿਕਾਰ ਹੋਏ ਲੋਕਾਂ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਕੁਝ ਗਵਾਹਾਂ ਦੀ ਹਿੰਸਕ ਜੁਰਮ ਦੇ ਅਸਰਾਂ ਤੋਂ ਠੀਕ ਹੋਣ ਵਿਚ ਮਦਦ ਕਰਨਾ ਹੈ।

ਜੁਰਮਾਂ ਦਾ ਸ਼ਿਕਾਰ ਹੋਏ ਲੋਕਾਂ ਲਈ ਮੌਜੂਦ ਬੈਨੇਫਿਟਸ ਵਿਚ ਸ਼ਾਮਲ ਹਨ:

- ਮੈਡੀਕਲ ਅਤੇ ਦੰਦਾਂ ਦੇ ਇਲਾਜ ਦੇ ਖਰਚੇ
- ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ਦੇ ਖਰਚੇ
- ਡਿਸਏਬਿਲਟੀ ਵਿਚ ਮਦਦ ਕਰਨ ਵਾਲੇ ਯੰਤਰ, ਪੀੜਿਤ ਦੀ ਡਿਸਏਬਿਲਟੀ (ਅਪਾਹਜਤਾ) ਲਈ ਘਰ ਜਾਂ ਗੱਡੀ ਵਿਚ ਸੋਧ ਕਰਨ ਦੇ ਖਰਚੇ
- ਸਲਾਹ-ਮਸ਼ਵਰਾ (ਕੌਂਸਲਿੰਗ)
- ਹਿਫਾਜ਼ਤੀ ਕਦਮ ਜਿਵੇਂ ਕਿ ਸਕਿਉਰਟੀ ਯੰਤਰ
- ਉਨ੍ਹਾਂ ਐਨਕਾਂ, ਕੌਨਟੈਕਟ ਲੈਂਜ਼ਾਂ, ਡਿਸਏਬਿਲਟੀ ਵਿਚ ਮਦਦ ਕਰਨ ਵਾਲੇ ਯੰਤਰਾਂ ਜਾਂ ਕੱਪੜਿਆਂ ਦੀ ਬਦਲੀ ਜਾਂ ਰਿਪੇਅਰ ਜਿਹੜੇ ਜੁਰਮ ਕਰਕੇ ਖਰਾਬ ਜਾਂ ਤਬਾਹ ਹੋਏ ਹਨ
- ਆਮਦਨ ਵਿਚ ਮਦਦ ਜਿੱਥੇ ਕੰਮ ਕਰਦਾ ਪੀੜਿਤ ਆਪਣੀਆਂ ਸੱਟਾਂ ਦੇ ਨਤੀਜੇ ਵਜੋਂ ਥੋੜ੍ਹੇ ਸਮੇਂ ਜਾਂ ਲੰਮੇ ਸਮੇਂ ਲਈ ਕੰਮ ਕਰਨ ਦੇ ਅਯੋਗ ਹੋ ਜਾਂਦਾ ਹੈ
- ਕਿਸੇ ਪੀੜਿਤ ਲਈ ਲੌਸਟ ਅਰਨਿੰਗ ਕਾਪੈਸਟੀ ਬੈਨੇਫਿਟਸ, ਜਿਹੜਾ ਉਸ ਵੇਲੇ ਕੰਮ ਨਹੀਂ ਕਰ ਰਿਹਾ ਸੀ ਪਰ ਜਿਸ ਦੇ ਇੰਨੀਆਂ ਸੱਟਾਂ ਲੱਗੀਆਂ ਹਨ ਕਿ ਇਨ੍ਹਾਂ ਦਾ ਅਸਰ ਉਸ ਦੀ ਭਵਿੱਖ ਦੀ ਕੰਮ ਕਰਨ ਦੀ ਸਮਰੱਥਾ ’ਤੇ ਪਵੇਗਾ
- ਕਾਮੁਕ ਹਮਲੇ ਕਾਰਨ ਪੈਦਾ ਹੋਏ ਬੱਚੇ ਦੀ ਸੰਭਾਲ (ਜੇ ਬੱਚਾ ਪੀੜਿਤ ਨਾਲ ਰਹਿੰਦਾ ਹੈ, ਜਾਂ ਉਹਦੀ ਪੀੜਿਤ ਵਲੋਂ ਮਾਇਕ ਮਦਦ ਕੀਤੀ ਜਾਂਦੀ ਹੈ)
- ਕੰਮ ਨਾਲ ਸੰਬੰਧਿਤ ਸੇਵਾਵਾਂ ਜੇ ਸੱਟ ਪੀੜਿਤ ਦੇ ਮੌਜੂਦਾ ਕੰਮ ਨੂੰ ਜਾਰੀ ਰੱਖਣ ਦੀ ਸਮਰੱਥਾ ’ਤੇ ਅਸਰ ਪਾਉਂਦੀ ਹੈ
- ਆਉਣ ਜਾਣ ਦਾ ਖਰਚਾ
- ਘਰ ਦੀ ਸੰਭਾਲ, ਬੱਚਿਆਂ ਦੀ ਸੰਭਾਲ ਅਤੇ ਨਿੱਜੀ ਸੰਭਾਲ ਦੇ ਖਰਚੇ

ਜ਼ਖਮੀ ਹੋਏ ਜਾਂ ਮਰ ਗਏ ਪੀੜਿਤਾਂ ਦੇ ਪਰਿਵਾਰ ਦੇ ਨਜ਼ਦੀਕੀ ਮੈਂਬਰ ਵੀ ਬੈਨੇਫਿਟਸ ਲਈ ਯੋਗ ਹੋ ਸਕਦੇ ਹਨ, ਜਿਵੇਂ ਕਿ ਕੌਂਸਲਿੰਗ, ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ, ਅਤੇ ਆਉਣ ਜਾਣ ਦੇ ਖਰਚੇ ਅਤੇ ਇਸ ਦੇ ਨਾਲ ਨਾਲ ਜੇ ਉਹ ਹਿੰਸਕ ਜੁਰਮ ਦੇ ਨਤੀਜੇ ਵਜੋਂ ਮਾਰੇ ਗਏ ਪੀੜਿਤ ਉੱਪਰ ਪਰਿਵਾਰ ਦੇ ਨਿਰਭਰ ਮੈਂਬਰ ਹਨ ਤਾਂ ਸੰਸਕਾਰ ਦੇ ਖਰਚੇ ਅਤੇ ਆਮਦਨ ਵਿਚ ਸਹਾਇਤਾ।

ਕੁਝ ਗਵਾਹ ਜਿਨ੍ਹਾਂ ਦਾ ਪੀੜਿਤਾਂ ਨਾਲ ਨੇੜੇ ਦਾ ਨਿੱਜੀ ਸੰਬੰਧ ਹੋਵੇ ਅਤੇ ਜੋ ਪੀੜਿਤ ਦੇ ਮਾਰੇ ਜਾਣ ਦੌਰਾਨ ਜਾਂ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀ ਸੱਟ ਲਾਏ ਜਾਣ ਦੌਰਾਨ ਉੱਥੇ ਹਾਜ਼ਰ ਹੋਣ, ਉਹ ਵੀ ਕੌਂਸਲਿੰਗ, ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ਅਤੇ ਕੌਂਸਲਿੰਗ ਲਈ ਜਾਣ ਵਾਸਤੇ ਆਉਣ ਜਾਣ ਦੇ ਖਰਚਿਆਂ ਲਈ ਯੋਗ ਹੋ ਸਕਦੇ ਹਨ।

ਕੋਈ ਵਿਕਟਿਮ ਸਰਵਿਸ ਵਰਕਰ ਤੁਹਾਨੂੰ ਅਰਜ਼ੀ ਫਾਰਮ ਦੇ ਸਕਦਾ ਹੈ ਅਤੇ ਅਰਜ਼ੀ ਭਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ। ਆਮ ਹੱਕਦਾਰੀ ਬਾਰੇ ਅਤੇ ਪ੍ਰੋਗਰਾਮ ਰਾਹੀਂ ਦਿੱਤੇ ਜਾਣ ਵਾਲੇ ਬੈਨੇਫਿਟਸ ਬਾਰੇ ਜੇ ਤੁਹਾਡੇ ਮਨ ਵਿਚ ਸਵਾਲ ਹੋਣ ਤਾਂ ਤੁਸੀਂ ਪ੍ਰੋਗਰਾਮ ਨਾਲ ਵੀ ਸਿੱਧਾ 604-660-3888 ’ਤੇ ਜਾਂ ਬੀ.ਸੀ. ਵਿਚ ਹੋਰ ਕਿਤਿਉਂ ਵੀ 1-866-660-3888 ’ਤੇ ਮੁਫਤ ਸੰਪਰਕ ਕਰ ਸਕਦੇ ਹੋ।

## ਵਿਕਟਿਮਲਿੰਕ ਬੀ ਸੀ

ਵਿਕਟਿਮਲਿੰਕ ਬੀ ਸੀ ਇਕ ਮੁਫਤ, ਗੁਪਤ ਟੈਲੀਫੋਨ ਸਰਵਿਸ ਹੈ ਜੋ ਕਿ ਬੀ ਸੀ ਅਤੇ ਯੂਕੋਨ ਵਿਚ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ 1-800-563-0808 ’ਤੇ ਉਪਲਬਧ ਹੈ। ਇਹ ਜੁਰਮਾਂ ਦੇ ਸ਼ਿਕਾਰ ਸਾਰੇ ਲੋਕਾਂ ਲਈ ਜਾਣਕਾਰੀ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਪਰਿਵਾਰਕ ਅਤੇ ਕਾਮੁਕ ਹਿੰਸਾ ਤੋਂ ਪੀੜਿਤਾਂ ਲਈ ਸੰਕਟ ਵਿਚ ਫੌਰੀ ਸਹਾਇਤਾ ਦਿੰਦੀ ਹੈ।

ਵਿਕਟਿਮਲਿੰਕ ਬੀ ਸੀ 110 ਨਾਲੋਂ ਜ਼ਿਆਦਾ ਜ਼ਬਾਨਾਂ ਵਿਚ ਸਰਵਿਸ ਦਿੰਦਾ ਹੈ, ਜਿਨ੍ਹਾਂ ਵਿਚ ਉੱਤਰੀ ਅਮਰੀਕਾ ਦੀਆਂ 17 ਅਬਰਿਜਨਲ ਜ਼ਬਾਨਾਂ ਵੀ ਸ਼ਾਮਲ ਹਨ। ਵਿਕਟਿਮਲਿੰਕ ਬੀ ਸੀ ਟੀ ਟੀ ਵਾਈ ’ਤੇ ਪਹੁੰਚਯੋਗ ਹੈ। 604-875-0885 ’ਤੇ ਟੀ ਟੀ ਵਾਈ ਨੂੰ ਫੋਨ ਕਰੋ; ਕੁਲੈਕਟ ਕਾਲ ਕਰਨ ਲਈ ਕਿਰਪਾ ਕਰਕੇ ਟੈਲਅੱਸ ਰੀਲੇਅ ਸਰਵਿਸ ਨੂੰ 711 ’ਤੇ ਫੋਨ ਕਰੋ। 604-836-6381 ’ਤੇ ਟੈਕਸਟ ਕਰੋ।
ਈਮੇਲ: victimLinkBC@bc211.ca
ਵੈੱਬਸਾਈਟ: www.victimlinkbc.ca

ਵਿਕਟਿਮ ਸਰਵਿਸ ਵਰਕਰ ਦਾ ਨਾਂ: ..............................

ਵਿਕਟਿਮ ਸਰਵਿਸ ਵਰਕਰ ਦਾ ਨੰਬਰ: ..............................

ਕੇਸ ਨੰਬਰ: ..............................

ਹੋਰ ਜ਼ਰੂਰੀ ਨੰਬਰ: ..............................

..............................

..............................

**ਕਿਰਪਾ ਕਰਕੇ ਨੋਟ ਕਰੋ:** *ਇਹ ਪੈਂਫਲਿਟ ਸਿਰਫ ਆਮ ਜਾਣਕਾਰੀ ਦਿੰਦਾ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ।*

BRITISH COLUMBIA

www.gov.bc.ca

Information for Victims of Crime [Punjabi] November 2012